# ਵਿਅੰਗ ਕੋਰੋਨਾ ਮਾਤਾ ਦੀ ਜੈ

-ਬਲਰਾਜ ਸਿੰਘ

ਅਸੀਂ ਝੂਠ ਨਹੀਂ ਬੋਲਦੇ। ਜ਼ਿੰਦਗੀ ਦੇ ਪਿਛਲੇ ਪਹਿਰ ਝੂਠ ਬੋਲਣਾ ਸੋਭਦਾ ਵੀ ਨਹੀਂ। ਕੱਲ੍ਹ ਨੂੰ ਰੱਬ ਨੂੰ ਜਾਨ ਦੇਣੀ ਹੈ। ਅਸੀਂ ਕੋਈ ਸਾਧੂ-ਸੰਤ ਨਹੀਂ ਕਿ ਸਾਨੂੰ ਚੱਤੇ ਪਹਿਰ ਪਰਮਾਤਮਾ ਜਾਂ ਕਰਮੰਡਲ ਸਮੇਤ 'ਅਲਖ-ਨਿਰੰਜਣ' 'ਅਲਖ-ਨਿਰੰਜਣ' ਕਰਦਿਆਂ ਦੇ ਸੁਫਨੇ ਆਉਂਦੇ ਹੋਣ। ਸਾਡੇ ਸੁਫਨਿਆਂ ਦਾ ਸਰੂਪ ਵੀ ਜ਼ਿੰਦਗੀ ਦੇ ਹਰ ਮਰਹਲੇ 'ਤੇ ਸੁੱਤੇ-ਸਿੱਧ ਬਦਲਦਾ ਰਹਿੰਦਾ ਹੈ। ਜਦੋਂ ਸੰਨ 1960 ਵਿਚੱ ਅਸੀਂ ਚੌਕ ਸ਼ੇਖਾਂ ਵਾਲੇ ਤੱਪੜ ਵਾਲੇ ਪ੍ਰਾਇਮਰੀ ਸਕੂਲ ਦੇ ਤਾਲਿਬ ਇਲਮ ਸੀ, ਉਦੋਂ ਦਿਨ ਰਾਤ ਪਹਾੜੇ ਰਟਣ ਕਰ ਕੇ ਅਸੀਂ ਸੁਫਨਿਆਂ 'ਚ ਵੀ ਇੱਕ ਦੂਣੀ ਦੂਣੀ, ਦੋ ਦੂਣੀ ਚਾਰ ਦੀ ਗਰਜਣਾ ਕਰ ਕੇ ਘਰ ਦਿਆਂ ਨੂੰ ਵਖਤ ਪਾ ਰੱਖਦੇ ਸੀ। ਸਕੂਲ ਵਿੱਚ ਹਰਸ਼ ਵਰਧਨ, ਰਜ਼ੀਆ ਸੁਲਤਾਨਾ, ਭਾਂਤ-ਭਾਂਤ ਦੀਆਂ ਥਿਊਰਮਾਂ ਤੇ ਅਲਜ਼ਬਰੇ ਦੇ ਫਾਰਮੂਲਿਆਂ ਨੇ ਸਾਡੇ ਸੁਫਨਿਆਂ ਵਿੱਚ ਖੌਰੂ ਪਾ ਰੱਖਿਆ। ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਅਸੀਂ ਸ਼ੈਕਸਪੀਅਰ ਤੇ ਮਾਰਲੋ ਦੇ ਡਰਾਮਿਆਂ ਦੇ ਨਾਇਕਾਂ ਦੀ ਅਦਾਕਾਰੀ ਸੁਫਨਿਆਂ 'ਚ ਵੀ ਕਰਦੇ ਰਹੇ ਅਤੇ ਰੁੜ੍ਹ-ਪੁੜ੍ਹ ਗਈ ਜਵਾਨੀ ਦੀ ਤਿਖੇਰੀ ਦੁਪਹਿਰ ਸਮੇਂ ਆਪਣੇ ਆਪ ਨੂੰ ਧਰਮਿੰਦਰ ਤਸੱਵਰ ਕਰ ਕੇ ਡਰੀਮ ਗਰਲ ਹੇਮਾ ਮਾਲਿਨੀ ਦੇ ਨਾਲ ਸੁਫਨਿਆਂ 'ਚ ਦਰੱਖਤਾਂ ਦੁਆਲੇ ਊਰੀ ਵਾਂਗ ਘੁੰਮ-ਘੁੰਮ ਕੇ ਡਾਂਸ ਕਰਦੇ ਰਹੇ। ਜਦੋਂ ਦਾ ਕੋਰੋਨੇ ਨੇ ਕਹਿਰ ਢਾਹੁਣਾ ਸ਼ੁਰੂ ਕੀਤਾ ਹੈ, ਸਾਨੂੰ ਸੁਫਨਿਆਂ 'ਚ ਕੋਰੋਨਾ ਦੀਆਂ ਵੱਖ-ਵੱਖ ਅਖਬਾਰੀ ਕਲਪਿਤ ਸ਼ਕਲਾਂ ਤੋਂ ਬਿਨਾਂ ਹੋਰ ਕੁਝ ਦਿਖਾਈ ਨਹੀਂ ਦਿੰਦਾ। ਕਦੇ ਕੋਰੋਨਾ ਸੂਲਾਂ ਲੱਗੇ ਫੁੱਟਬਾਲ ਦੇ ਆਕਾਰ ਵਿੱਚ ਦਿਖਾਈ ਦਿੰਦਾ ਹੈ, ਕਦੇ ਟਿੱਡੇ ਦੇ ਰੂਪ ਵਿੱਚ ਅਤੇ ਕਦੇ ਸੈਲਿਊਟ ਕਰਦੇ ਸੈਨਿਕ ਦੇ ਰੂਪ ਵਿੱਚ। ਕੋਰੋਨਾ ਦੇ ਇਨ੍ਹਾਂ ਬਦਲਦੇ ਰੂਪਾਂ ਦੇ ਨਿੱਤ-ਨਿੱਤ ਦ੍ਰਿਸ਼ਟੀ ਗੋਚਰ ਹੋਣ ਨਾਲ ਅਸੀਂ ਭੈਅਭੀਤ ਹੋ ਕੇ ਮੁੜ੍ਹਕੋ-ਮੁੜ੍ਹਕੋ ਹੋਏ ਅਕਸਰ ਰਾਤਾਂ ਨੂੰ ਡਡਿਆ ਕੇ ਉਠ ਖੜੋਂਦੇ ਹਾਂ।

ਬਿਹਾਰ ਦੀ ਇੱਕ ਔਰਤ ਨੂੰ ਕੋਰੋਨਾ ਮਾਤਾ ਨੇ ਕੁਝ ਦਿਨ ਪਹਿਲਾਂ ਗਾਂ ਦੇ ਰੂਪ ਵਿੱਚ ਦਰਸ਼ਨ ਦਿੱਤੇ, ਪਰ ਸਾਨੂੰ ਕੱਲ੍ਹ ਰਾਤ ਦੇ ਪਿਛਲੇ ਪਹਿਰ ਕੋਰੋਨਾ ਮਾਤਾ ਨੇ ਸ਼ੇਰਨੀ ਦੇ ਰੂਪ ਵਿੱਚ ਦਰਸ਼ਨ ਦਿੱਤੇ। ਅਸੀਂ ਸੁਫਨੇ 'ਚ ਹਾਲ ਪਾਹਰਿਆਂ ਕਰਦਿਆਂ ਭੱਜਣ ਲੱਗੇ ਤਾਂ ਸ਼ੇਰਨੀ ਤਲਿਸਮੀ ਢੰਗ ਨਾਲ ਔਰਤ ਦੇ ਰੂਪ ਵਿੱਚ ਬਦਲ ਕੇ ਸਾਨੂੰ ਦੱਸਿਆ ਕਿ ਉਹ ਕੋਰੋਨਾ ਮਾਤਾ ਹੈ ਤੇ ਸਾਨੂੰ ਉਸ ਤੋਂ ਡਰਨ ਦੀ ਉੱਕਾ ਹੀ ਲੋੜ ਨਹੀਂ। ਮਾਤਾ ਨੇ ਸਾਨੂੰ ਨਸੀਹਤ ਕੀਤੀ ਕਿ ਜੇ ਅਸੀਂ ਮੰਗਲਵਾਰ ਤੇ ਵੀਰਵਾਰ ਉਸ ਦੀ ਵਿਧੀ ਪੂਰਵਕ ਪੂਜਾ ਕਰ ਕੇ ਉਸ ਨੂੰ ਪ੍ਰਸੰਨ ਕਰਾਂਗੇ ਤਾਂ ਉਹ ਸਾਡਾ ਸ਼ਹਿਰ, ਸੂਬਾ, ਦੇਸ਼ ਹੀ ਨਹੀਂ, ਪੂਰੀ ਦੁਨੀਆ ਦਾ ਖਹਿੜਾ ਛੱਡ ਕੇ ਸਦਾ ਲਈ ਲੋਪ ਹੋ ਜਾਵੇਗੀ ਅਤੇ ਜਾਣ ਤੋਂ ਪਹਿਲਾਂ ਕੋਰੋਨਾ ਦੇ ਮੌਜੂਦਾ ਮਰੀਜ਼ਾਂ ਨੂੰ ਵੀ ਪਵਿੱਤਰ ਜਲ ਦਾ ਛਿੱਟਾ ਦੇ ਕੇ ਨੌਂ-ਬਰ-ਨੌਂ ਕਰ ਜਾਵੇਗੀ। ਅਸੀਂ ਸਰਬੱਤ ਦਾ ਭਲਾ ਕਰਨ ਦੇ ਉਦੇਸ਼ ਨਾਲ ਦੁਨੀਆ ਭਰ ਦੇ ਮਰੀਜ਼ਾਂ ਖਾਤਰ ਕੋਰੋਨਾ ਮਾਤਾ ਦੀ ਪੂਜਾ ਕਰ ਕੇ ਉਸ ਨੂੰ ਰੁਖਸਤ ਕਰਨ ਦਾ ਅਹਿਮ ਫੈਸਲਾ ਕਰ ਲਿਆ। ਸਾਡੇ ਪੋਤਰੇ ਅਤੇ ਪੋਤਰੀ ਨੇ ਆਪਣੇ ਡਰਾਇੰਗ ਦੇ ਵਿਸ਼ੇ ਦਾ ਲਾਹਾ ਲੈਂਦਿਆਂ ਕੋਰੋਨਾ ਮਾਤਾ ਦਾ ਆਦਮ ਕੱਦ ਚਿੱਤਰ, ਅਸ਼ੀਰਵਾਦ ਦੇਣ ਦੇ ਪੋਜ਼ ਵਿੱਚ, ਘਰ ਅੰਦਰ ਬਿਲਕੁਲ ਸਾਹਮਣੀ ਕੰਧ 'ਤੇ ਲਾ ਦਿੱਤਾ ਹੈ ਅਤੇ ਸਾਰੇ ਪਰਵਾਰ ਨੇ ਨਹਾ-ਧੋ ਕੇ 'ਪੁਸ਼ਪਾਂਜਲੀ' ਦੀ ਰਸਮ ਸੰਪੂਰਨ ਕਰ ਕੇ ਸੌ-ਸੌ ਰੁਪਏ ਮੱਥਾ ਟੇਕ ਕੇ ਤੁਰੰਤ ਹੀ ਕੋਰੋਨਾ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਮਾਤਾ ਦੇ ਕਹਿਰ ਤੋਂ ਪੂਰੀ ਦੁਨੀਆ ਨੂੰ ਰਾਹਤ ਮਿਲ ਸਕੇ।

ਜਦੋਂ ਤੋਂ ਲੋਕਾਂ ਨੂੰ ਪਤਾ ਲੱਗਾ ਹੈ ਕਿ ਸਾਨੂੰ ਕੋਰੋਨਾ ਮਾਤਾ ਦੇ ਦਰਸ਼ਨ ਹੋਏ ਹਨ, ਉਹ ਸਾਡੀ ਵੀ ਪੂਜਾ ਕਰਨ ਲੱਗੇ ਹਨ। ਲੋਕ ਸਾਡੇ ਘਰ ਨੂੰ ਤੀਰਥ ਮੰਨ ਕੇ ਪੁਰਾਣੇ ਮੋਗੇ ਵਹੀਰਾਂ ਘੱਤ ਕੇ ਲੱਖਾਂ ਦੀ ਗਿਣਤੀ ਵਿੱਚ ਰੋਜ਼ ਆ ਰਹੇ ਹਨ। ਉਹ ਸਾਨੂੰ ਕੋਰੋਨਾ ਮਾਤਾ ਦਾ ਪੱਕਾ ਦੂਤ ਸਮਝ ਕੇ ਕੋਰੋਨਾ ਤੋਂ ਬਚਾਉਣ ਦਾ ਪੱਕਾ ਜ਼ਰੀਆ ਸਮਝਦੇ ਹਨ ਤੇ ਸਾਡੇ ਰਾਹੀਂ ਕੋਰੋਨਾ ਮਾਤਾ ਨੂੰ ਖੁਸ਼ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਜਨਤਾ ਦੀ ਅਥਾਹ ਭੀੜ ਦਾ ਲਾਹਾ ਲੈਣ ਲਈ ਘਰਦਿਆਂ ਨੇ ਸਾਨੂੰ ਮਿਲਣ ਲਈ 100 ਰੁਪਏ ਟਿਕਟ ਲਾ ਦਿੱਤੀ ਹੈ ਤੇ ਸ਼ਾਮ ਤੱਕ ਨਕਦ ਨਾਰਾਇਣ ਨਾਲ ਪੰਜਾਹ-ਪੰਜਾਹ ਕਿਲੋ ਵਾਲੀਆਂ ਚਾਰ ਕੁ ਬੋਰੀਆਂ ਤਾਂ ਸਹਿਜੇ ਭਰ ਜਾਂਦੀਆਂ ਹਨ। ਹਜ਼ਾਰਾਂ ਸ਼ਰਧਾਲੂ ਕੇਲੇ, ਅੰਬ, ਚੀਕੂ, ਅਨਾਰ ਅਤੇ ਕੀਵੀ ਜਿਹੇ ਮਹਿੰਗੇ ਫਲ ਭੇਟ ਕਰ ਰਹੇ ਹਨ। ਅਸੀਂ ਕੋਮਲ ਹਿਰਦੇ ਵਾਲੇ ਪਰਉਪਕਾਰੀ ਜੀਵ ਹੋਣ ਹਾਂ, ਕਿਸੇ ਦੀ ਭੇਟਾ ਨਹੀਂ ਮੋੜਦੇ। ਸ਼ਰਧਾਲੂਆਂ ਦੀ ਅਥਾਹ ਭੀੜ ਸ਼ਰਧਾ ਸਦਕਾ ਸਾਡੇ ਜਨਮ ਵੇਲਿਆਂ ਦਾ ਸੰਨ 1952 ਵਾਲਾ ਤਿੰਨ ਲੱਤਾਂ ਵਾਲਾ ਮੇਜ਼ ਮਸਾਂ ਪੰਜ ਮਿੰਟ 'ਚ ਭਰ ਜਾਂਦਾ ਹੈ। ਭੇਟਾ ਰੱਖਣ ਦੀ ਥਾਂ ਨਾ ਹੋਣ ਕਾਰਨ ਵਿਚਾਰੇ ਸ਼ਰਧਾਲੂਆਂ ਦੇ ਤ੍ਰਿਪ-ਤ੍ਰਿਪ ਡਿੱਗਦੇ ਹੰਝੂ ਦੇਖ ਕੇ ਸਾਡਾ ਦਿਲ ਪਸੀਜ ਗਿਆ ਹੈ। ਅਸੀਂ ਆਪਣਾ ਝੁੱਗਾ ਚੌੜ ਕਰਾ ਕੇ ਵੀਹ ਹਜ਼ਾਰ ਰੁਪਏ ਪੱਲਿਓਂ ਖਰਚ ਕੇ, ਲੋਕਾਂ ਦੀਆਂ ਭੇਟਾਵਾਂ ਸਵੀਕਾਰ ਕਰਨ ਲਈ ਦਸ-ਦਸ ਫੁੱਟ ਉੱਚੇ ਪੰਜ ਵੱਡੇ ਡਰੰਮ ਲੈ ਆਂਦੇ ਹਨ। ਕੋਲ ਸਟੂਲ ਰੱਖ ਦਿੱਤੇ ਹਨ ਅਤੇ ਸ਼ਰਧਾਲੂ ਕੋਰੋਨਾ ਮਾਤਾ ਦੀ ਤਸਵੀਰ ਨੂੰ ਚਰਨ ਬੰਦਨਾ ਕਰ ਕੇ ਸਟੂਲਾਂ 'ਤੇ ਚੜ੍ਹ ਕੇ ਡਰੰਮਾਂ ਵਿੱਚ ਵੰਨ-ਸੁਵੰਨੀਆਂ ਭੇਟਾਵਾਂ ਪਾਈ ਜਾਂਦੇ ਹਨ। ਰਾਤ ਨੂੰ ਨਿੱਕੇ ਪੋਤਰੇ ਦੇ ਲੱਕ ਨੂੰ ਰੱਸੀ ਬੰਨ੍ਹ ਕੇ ਹਰ ਢੋਲ (ਡਰੰਮ) ਵਿੱਚ ਲਟਕਾ ਦੇਈਦਾ ਹੈ ਅਤੇ ਉਹ ਅੱਖ ਦੇ ਫੋਰ ਨਾਲ ਸਭ ਕੁਝ ਬਾਹਰ ਧੂਹ ਲਿਆਉਂਦਾ ਹੈ।

ਕੋਰੋਨਾ ਮਾਤਾ ਨੂੰ ਖੁਸ਼ ਕਰ ਕੇ ਕੋਰੋਨਾ ਤੋਂ ਨਿਜਾਤ ਪਾਉਣ ਲਈ ਅਨੇਕਾਂ ਸ਼ਰਧਾਲੂ ਸਾਨੂੰ ਪੰਜ-ਪੰਜ ਮੀਟਰ ਦੇ ਗੂੜ੍ਹੇ ਲਾਲ ਰੰਗ ਦੇ ਕੱਪੜੇ, ਨਿੱਕਰਾਂ, ਪੈਂਟਾ ਅਤੇ ਫਤੂਹੀਆਂ ਦਾ ਵੀ ਮੱਥਾ ਟੇਕ ਰਹੇ। ਬੁੱਢੇ ਵਾਰੇ ਲਾਲ ਕੱਪੜੇ ਤਾਂ ਪਾ ਨਹੀਂ ਹੁੰਦੇ, ਅਸੀਂ ਦੋ ਮੀਲ ਦੂਰ ਸਟੇਸ਼ਨ 'ਤੇ ਬੈਠੇ ਮੰਗਤਿਆਂ ਨੂੰ ਇਹ ਕੱਪੜੇ ਦਾਨ ਕਰ ਕੇ 'ਇੱਕ ਪੰਥ, ਦੋ ਕਾਜ਼' ਦਾ ਕੰਮ ਕਰ ਰਹੇ ਹਾਂ। ਇਹ ਜ਼ਰੂਰਤਮੰਦ ਲੋਕ ਵੀ ਖੁਸ਼ ਹੋ ਜਾਂਦੇ ਹਨ। ਮੰਗਲਵਾਰ ਨੂੰ ਕੋਰੋਨਾ ਮਾਤਾ ਦੁਆਰਾ ਹੋਣ ਵਾਲੀ ਕਿਰਪਾ ਵਿੱਚ ਵੀ ਵਾਧਾ ਹੋ ਜਾਂਦਾ ਹੈ। ਕਈ ਸ਼ਰਧਾਲੂ ਨਹਾ-ਧੋ ਕੇ ਮੰਗਲਵਾਰ ਵਾਲੇ ਦਿਨ ਸਾਨੂੰ ਕੋਰੋਨਾ ਮਾਤਾ ਦਾ ਦੂਤ ਮੰਨ ਕੇ ਮੂੰਗੇ, ਸੋਨੇ ਤੇ ਚਾਂਦੀ ਦੀਆਂ ਅੰਗੂਠੀਆਂ ਭੇਟ ਕਰ ਰਹੇ ਹਨ। ਅਸੀਂ ਬਥੇਰਾ ਕਹਿੰਦੇ ਹਾਂ ਕਿ ਭਾਈ ਇਹ ਮੁੰਦਰੀਆਂ ਕੋਰੋਨਾ ਮਾਤਾ ਨੂੰ ਭੇਟ ਕਰੋ, ਪਰ ਸ਼ਰਧਾਲੂ ਮੱਲੋ ਮੱਲੀ ਸਾਡੀ ਚੀਚੀ ਵਿੱਚ ਪਾ ਜਾਂਦੇ ਹਨ। ਸ਼ਰਧਾਲੂਆਂ ਦੀ ਕ੍ਰਿਪਾ ਨਾਲ ਵਿਚਾਰੀ ਤਿੰਨ ਇੰਚ ਦੀ ਚੀਚੀ ਪੰਜ ਮਿੰਟ ਵਿੱਚ ਭਰ ਜਾਂਦੀ ਹੈ। ਅਸੀਂ ਆਪਣੀ ਵੇਲਣੇ ਵਾਲੀ ਸਰਕਾਰ, ਪੁੱਤਾਂ, ਨੂੰਹਾਂ, ਪੋਤੇ, ਪੋਤਰੀ ਨੂੰ ਵੀ ਕੋਲ ਬਿਠਾ ਲਿਆ ਹੈ ਤਾਂ ਕਿ ਸਭ ਦੀਆਂ ਭੇਟਾਵਾਂ ਪੂਜਾ-ਪਾਠ ਦੀ ਵਿਧੀ ਰਾਹੀਂ ਛੇਤੀ ਮਾਤਾ ਨੂੰ ਪੁਚਾ ਸਕੀਏ। ਇੱਕ ਮਹਾਂਪੁਰਸ਼ ਨੇ ਸਾਨੂੰ ਮੰਗਲਵਾਰ ਮਸਰਾਂ ਦੀ ਦਾਲ, ਘਿਓ ਅਤੇ ਇੱਕ ਔਖੇ ਜਿਹੇ ਮੰਤਰ ਦਾ ਦਸ ਹਜ਼ਾਰ ਵਾਰ ਜਾਪ ਕਰਨ ਲਈ ਵੀ ਕਿਹਾ ਹੈ। ਅਸੀਂ ਪਿਛਲੇ ਦਸ ਦਿਨਾਂ ਤੋਂ ਨਿਰਜਲ ਵਰਤ ਰੱਖ ਕੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਕੋਰੋਨਾ ਤੋਂ ਛੁਟਕਾਰਾ ਪਾਉਣ ਲਈ ਅਣਥੱਕ ਕੋਸ਼ਿਸ਼ਾਂ ਕਰ ਰਹੇ ਹਾਂ। ਰੱਬ ਭਲੀ ਕਰੇਗਾ।

ਵੀਰਵਾਰ ਦੇ ਦਿਨ ਕੋਰੋਨਾ ਮਾਤਾ ਨੂੰ ਖੁਸ਼ ਕਰਨ ਲਈ ਅਸੀਂ ਮਹਾਂਪੁਰਸ਼ਾਂ ਦੀ ਸਲਾਹ ਅਨੁਸਾਰ ਹਰ ਰੋਜ਼ 11 ਕਿਲੋ ਛੋਲਿਆਂ ਦੀ ਦਾਲ, 21 ਕਿਲੋ ਹਲਦੀ ਅਤੇ 31 ਕਿਲੋ ਪੀਲੇ ਫੁੱਲਾਂ ਦਾ ਦਾਨ ਕਰ ਰਹੇ ਹਾਂ। ਕੁਝ ਦਿਨਾਂ ਤੋਂ ਪੀਲੇ ਫੁੱਲਾਂ ਦੀ ਤੋਟ ਆ ਗਈ ਹੈ। ਅਸੀਂ ਹਰ ਰੋਜ਼ ਸੁੱਚੇ ਮੂੰਹ ਨਵਾਂ ਪੀਲਾ ਝੱਗਾ ਪਹਿਨ ਕੇ ਸ਼ਾਮ ਨੂੰ ਉਸ ਦੋ ਮੀਲ ਦੂਰ ਸਟੇਸ਼ਨ 'ਤੇ ਬੈਠੇ ਪਿਤਾਂਬਰ ਦਾਸ ਨਾਮੀ ਮੰਗਤੇ ਨੂੰ ਦਾਨ ਕਰ ਆਉਂਦੇ ਹਾਂ। ਸਾਡੇ ਘਰ ਦੇ ਨੇੜੇ ਬਥੇਰੇ ਮੰਗਤੇ ਬੈਠੇ ਹਨ, ਪਰ ਮਹਾਂਪੁਰਸ਼ ਨੇ ਕਿਹਾ: "ਜੇ ਪੀਲਾ ਝੱਗਾ 'ਪੀਲੇ' ਨਾਂਅ ਵਾਲੇ ਮੰਗਤੇ ਨੂੰ ਦਾਨ ਕਰੋ ਤਾਂ ਸੌ ਗੁਣਾਂ ਵਧੇਰੇ ਲਾਭ ਹੋਵੇਗਾ।" ਕੋਰੋਨਾ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਐਨਾ ਕੁ ਉਦਮ ਤਾਂ ਕਰਨਾ ਪੈਂਦਾ ਹੈ। ਪੀਤਾਂਬਰ ਦਾਸ ਨਾ ਮਿਲਣ ਦੀ ਸੂਰਤ ਵਿੱਚ ਅਸੀਂ ਉਸ ਨੂੰ ਸੁਫਨਿਆਂ 'ਚ ਲੱਭ ਕੇ ਪੀਲਾ ਝੱਗਾ ਦਾਨ ਕਰ ਕੇ ਕੋਰੋਨਾ ਮਾਤਾ ਨੂੰ ਪ੍ਰਸੰਨ ਕਰ ਕੇ ਉਸ ਨੂੰ ਸੰਸਾਰ 'ਚੋਂ ਰੁਖਸਤ ਕਰਨ ਦੇ ਸੁਹਿਰਦ ਯਤਨਾਂ 'ਚ ਲੱਗੇ ਰਹਿੰਦੇ ਹਾਂ।

"ਕੋਰੋਨਾ ਮਾਤਾ ਦੀ ਜੈ! ਮਾਤਾ ਦੀ ਜੈ! ਸ਼ੁਕਰ ਹੈ ਮਾਤਾ ਤੁਸੀਂ ਦੁਨੀਆ ਤੋਂ ਰੁਖ਼ਸਤ ਹੋਣ ਦਾ ਫੈਸਲਾ ਕਰ ਲਿਆ ਹੈ ਤੇ ਪਵਿੱਤਰ ਜਲ ਦਾ ਛਿੱਟਾ ਦੇ ਕੇ ਸਾਰੀ ਦੁਨੀਆ ਨੂੰ ਸਿਹਤਯਾਬ ਕਰ ਦਿੱਤਾ ਹੈ। ਦੁੱਖ ਹਰਨੀ ਮਾਤਾ ਦੀ ਜੈ, ਕੋਰੋਨਾ ਮਾਤਾ ਦੀ ਜੈ...।"

"ਮੈਂ ਕਿਹਾ ਜੀ, ਕੀਹਦੀ ਜੈ ਜੈ ਕਰੀ ਜਾਂਦੇ ਓ। ਕੋਈ ਬੰਦਾ ਨੀਂ ਪਰਿੰਦਾ ਨੀ ਕੋਲੇ। ਰਿਟਾਇਰਮੈਂਟ ਤੋਂ ਬਾਅਦ ਤਾਂ ਤੁਸੀਂ ਜਮਾਂ ਈ ਕੁੰਭਕਰਨ ਬਣੇ ਪਏ ਓ।"

ਵਹੁਟੀ ਦੀ ਕੜਕਵੀਂ ਆਵਾਜ਼ ਸੁਣ ਕੇ ਅਸੀਂ ਤ੍ਰਭਕ ਕੇ ਅੱਖਾਂ ਮਲਦੇ ਉਠੇ। ਗੋਡੇ ਗੋਡੇ ਧੁੱਪ ਚੜ੍ਹ ਆਈ ਸੀ। ਇਹ ਤਾਂ ਮਹਿਜ਼ ਇੱਕ ਸੁਫਨਾ ਹੀ ਸੀ। ਚਲੋ ਕੋਰੋਨਾ ਤੋਂ ਨਿਜਾਤ ਤਾਂ ਮਿਲੀ, ਭਾਵੇਂ ਸੁਫਨੇ 'ਚ ਹੀ ਸਹੀ। ਰੱਬ ਭਲੀ ਕਰੇਗਾ।

# ਗਾਇਬ ਹੋਏ ਸਰੂਪਾਂ ਦੀ ਜਾਂਚ ਕਿਸੇ ਏਜੰਸੀ ਤੋਂ ਕਿਉਂ ਨਹੀਂ

-ਜਸਵੰਤ ਸਿੰਘ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਟਾਕ ਵਿੱਚੋਂ 300 ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗਾਇਬ ਹੋ ਜਾਣ ਦਾ ਮੁੱਦਾ ਲਗਾਤਾਰ ਗੰਭੀਰ ਹੁੰਦਾ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਮੰਨਣਾ ਹੈ ਕਿ ਇੰਨੇ ਵੱਡੇ ਕਾਂਡ ਦੀ ਜਾਂਚ ਕਿਸੇ ਜਾਂਚ ਏਜੰਸੀ ਤੋਂ ਨਾ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਇਹ ਦਾਅਵਾ ਕਰਨਾ ਕਿ ਸ਼੍ਰੋਮਣੀ ਕਮੇਟੀ ਖੁਦ ਇਸ ਕਾਂਡ ਦੀ ਜਾਂਚ ਕਰਨ ਦੀ ਸਮਰੱਥਾ ਰੱਖਦੀ ਹੈ, ਕਈ ਕਿਸਮ ਦੇ ਖਦਸ਼ਿਆਂ ਨੂੰ ਜਨਮ ਦਿੰਦਾ ਹੈ। ਸਰਨਾ ਨੇ ਕਿਹਾ ਕਿ ਕੋਈ ਛੋਟਾ-ਵੱਡਾ ਕਰਮਚਾਰੀ ਜਾਂ ਕੋਈ ਅਧਿਕਾਰੀ ਪ੍ਰਬੰਧਕਾਂ ਦੀ ਮਨਜ਼ੂਰੀ ਬਿਨਾਂ ਇੰਨੇ ਜ਼ਿਆਦਾ ਸਰੂਪ ਕਿਵੇਂ ਇਧਰ-ਉਧਰ ਕਰ ਸਕਦਾ ਹੈ ਜਾਂ ਬਲੈਕ 'ਚ ਵੇਚ ਸਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਸ਼੍ਰੋਮਣੀ ਕਮੇਟੀ ਦੇ ਆਗੂ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਪ੍ਰਤੀ ਈਮਾਨਦਾਰ ਹੁੰਦੇ ਤਾਂ ਇਸ ਕਾਂਡ ਦੀ ਜਾਂਚ ਦੀ ਜ਼ਿੰਮੇਵਾਰੀ ਕਿਸੇ ਸਰਕਾਰੀ ਏਜੰਸੀ ਨੂੰ ਸੌਂਪਣ 'ਚ ਜ਼ਰਾ ਦੇਰ ਨਾ ਕਰਦੇ, ਪਰ ਉਨ੍ਹਾਂ ਨੇ ਏਦਾਂ ਨਹੀਂ ਕੀਤਾ ਅਤੇ ਅੰਦਰੂਨੀ ਜਾਂਚ ਕਰਵਾਉਣ ਦਾ ਨਾਟਕ ਕਰ ਕੇ ਕੋਈ ਛੋਟੇ ਮੁਲਾਜ਼ਮਾਂ ਨੂੰ ਕਟਹਿਰੇ 'ਚ ਖੜਾ ਕਰਕੇ, ਉਨ੍ਹਾਂ ਵਿਰੁੱਧ ਦੋਸ਼ ਲਾ ਕੇ ਅਸਲੀ ਦੋਸ਼ੀਆਂ ਨੂੰ ਬਚਾ ਲਿਆ। ਉਨ੍ਹਾਂ ਦਾ ਦਾਅਵਾ ਹੈ ਕਿ ਜਦੋਂ ਤੱਕ ਅਸਲੀ ਦੋਸ਼ੀ ਨਹੀਂ ਫੜੇ ਜਾਂਦੇ, ਉਦੋਂ ਤੱਕ ਸੰਗਤਾਂ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇੰਨੀ ਗਿਣਤੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਗਾਇਬ ਹੋਣਾ ਛੋਟੀ ਗੱਲ ਨਹੀਂ, ਜਿਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ।

ਜੇ ਇਸ ਸਾਰੀ ਸਥਿਤੀ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ ਤਾਂ ਏਦਾਂ ਲੱਗਦਾ ਹੈ ਕਿ ਕੋਈ ਵੀ ਕਰਮਚਾਰੀ ਆਪਣੀ ਮਰਜ਼ੀ ਨਾਲ ਇੰਨੀ ਵੱਡੀ ਗਿਣਤੀ 'ਚ ਸਰੂਪਾਂ ਨੂੰ ਨਾ ਗਾਇਬ ਕਰ ਸਕਦਾ ਅਤੇ ਨਾ ਕਿਸੇ ਨੂੰ ਦੇ ਸਕਦਾ ਹੈ ਅਤੇ ਇੰਨੇ ਜ਼ਿਆਦਾ ਸਰੂਪ ਇੱਕ ਦਿਨ ਜਾਂ ਦੋ ਦਿਨ 'ਚ ਇਧਰ-ਉਧਰ ਨਹੀਂ ਹੋ ਸਕਦੇ। ਇਸ 'ਚ ਜ਼ਰੂਰ ਹੀ ਕਿਸੇ ਪ੍ਰਬੰਧਕ ਦੀ ਲੰਬੀ ਹਿੱਸੇਦਾਰੀ ਰਹੀ ਹੋਵੇਗੀ? ਸਵਾਲ ਉਠਦਾ ਹੈ ਕਿ ਕਿਤੇ ਇਹ ਸਰੂਪ ਗਲਤ ਹੱਥਾਂ 'ਚ ਤਾਂ ਨਹੀਂ ਦੇ ਦਿੱਤੇ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਵਿਰੁੱਧ ਸ਼ਾਂਤਮਈ ਧਰਨਾ ਦੇ ਕੇ ਨਾਮ ਸਿਮਰਨ ਕਰਦੇ ਸਿੱਖਾਂ 'ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵੱਲੋਂ ਹਥਿਆਰਬੰਦ ਹਮਲੇ ਨੇ ਬਹਿਬਲ ਕਲਾਂ ਦੀ ਘਟਨਾ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ, ਜਿਸ 'ਚ ਪੰਜਾਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਰੋਸ-ਧਰਨਾ ਦੇ ਕੇ ਨਾਮ ਸਿਮਰਨ ਕਰਦੇ ਸ਼ਾਂਤਮਈ ਸਿੱਖਾਂ 'ਤੇ ਪੁਲਸ ਨੇ ਗੋਲੀ ਚਲਾਈ ਸੀ।

'ਜਾਗੋ' ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਸ਼ਾਂਤਮਈ ਸਿੱਖਾਂ 'ਤੇ ਟਾਸਕ ਫੋਰਸ ਨਾਲ ਹਥਿਆਰਬੰਦ ਹਮਲਾ ਕਰਾਉਣ ਤੋਂ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਦੇ ਇਤਿਹਾਸ ਨੂੰ ਪੜ੍ਹ ਕੇ ਉਸ ਤੋਂ ਸਬਕ ਲੈਣਾ ਚਾਹੀਦਾ ਸੀ ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਅਜਿਹੇ ਹਮਲਿਆਂ ਨਾਲ ਸਿੱਖ ਜਗਤ ਦੀ ਆਵਾਜ਼ ਨਹੀਂ ਦਬਾਈ ਜਾ ਸਕਦੀ।

ਸਮਰਪਿਤ ਸੇਵਾ ਕੀ ਹੁੰਦੀ? ਇਸ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਗੁਰਲਾਡ ਸਿੰਘ ਦੱਸਦੇ ਹਨ ਕਿ ਨਵੰਬਰ-84 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਲਈ ਸੁਪਰੀਮ ਕੋਰਟ ਦੀ ਨਿਗਰਾਨੀ 'ਚ ਵਿਸ਼ੇਸ਼ ਜਾਂਚ ਟੀਮ ਗਠਿਤ ਕਰਵਾਉ ਅਤੇ ਉਸ ਦੇ ਤਹਿਤ ਮੁੱਖ ਦੋਸ਼ੀਆਂ ਦੇ ਦੁਆਲੇ ਸ਼ਿਕੰਜਾ ਕੱਸਣ 'ਚ ਉਨ੍ਹਾਂ ਨੂੰ ਜੋ ਸਫਲਤਾ ਪ੍ਰਾਪਤ ਹੋਈ, ਉਹ ਸ਼ਾਇਦ ਕਦੇ ਨਾ ਮਿਲ ਸਕਦੀ, ਜੇ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਐਡਵੋਕੇਟ ਅਰਵਿੰਦ ਦਾਤਾਰ ਦਾ ਨਿਸ਼ਕਾਮ ਸਹਿਯੋਗ ਨਾ ਮਿਲਦਾ। ਉਨ੍ਹਾਂ ਦੱਸਿਆ ਕਿ ਐਡਵੋਕੇਟ ਅਰਵਿੰਦ ਦਾਤਾਰ ਸ਼ੁਰੂ ਤੋਂ ਇਸ ਕੇਸ ਦੀ ਕਾਰਵਾਈ ਕਰਦੇ ਰਹੇ ਹਨ। ਉਹ ਹਰ ਤਰੀਕ 'ਤੇ ਇਸ ਦੀ ਪੈਰਵੀ ਲਈ ਮਦਰਾਸ ਤੋਂ ਵਿਸ਼ੇਸ਼ ਉਡਾਣ ਰਾਹੀਂ ਦਿੱਲੀ ਆਉਂਦੇ ਤੇ ਪਰਤਦੇ ਹਨ। ਗੁਰਲਾਡ ਸਿੰਘ ਨੇ ਦੱਸਿਆ ਕਿ ਅੱਜ ਤੱਕ ਉਨ੍ਹਾਂ ਨੇ ਨਾ ਕਦੇ ਪੈਰਵੀ ਕਰਨ ਦੀ ਫੀਸ ਲਈ ਹੈ ਅਤੇ ਨਾ ਆਉਣ-ਜਾਣ ਦਾ ਖਰਚਾ। ਉਹ ਪੂਰੀ ਤਰ੍ਹਾਂ ਸਮਰਪਿਤ ਅਤੇ ਨਿਸ਼ਕਾਮ ਭਾਵ ਨਾਲ ਇਹ ਜ਼ਿੰਮੇਵਾਰੀ ਨਿਭਾਉਂਦੇ ਚਲੇ ਆ ਰਹੇ ਹਨ।

ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਦਿੱਲੀ ਦੇ ਪ੍ਰਧਾਨ ਅਤੇ ਦਿੱਲੀ ਗੁਰਦ-ਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਹਰਮਨਜੀਤ ਸਿੰਘ ਅਜੇ ਇਸ ਦੁਚਿੱਤੀ 'ਚੋਂ ਉਭਰ ਨਹੀਂ ਸਕੇ ਕਿ ਉਹ ਬਾਦਲ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਦਿੱਤੇ ਆਪਣੇ ਅਸਤੀਫੇ 'ਤੇ ਦ੍ਰਿੜ੍ਹਤਾ ਨਾਲ ਕਾਇਮ ਰਹਿਣ ਜਾਂ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਦਲ ਦੇ ਰਾਸ਼ਟਰੀ ਸੀਨੀਅਰ ਉਪ-ਪ੍ਰਧਾਨਾਂ ਦੀ ਭੀੜ 'ਚ ਸ਼ਾਮਲ ਕੀਤੇ ਜਾਣ ਦਾ ਲਾਲੀਪਾਪ ਲੈਣ, ਆਪਣੇ ਅਸਤੀਫੇ ਅਤੇ ਉਸ 'ਚ ਦਲ ਦੇ ਦਿੱਲੀ ਪ੍ਰਦੇਸ਼ ਦੇ ਮੁਖੀਆਂ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਨੂੰ ਭੁੱਲ ਜਾਣ, ਜਿਨ੍ਹਾਂ ਦੇ ਕਾਰਨ ਦਿੱਲੀ 'ਚ ਦਲ ਅਤੇ ਉਨ੍ਹਾਂ ਦੀ ਸਥਿਤੀ ਖਰਾਬ ਹੋ ਰਹੀ ਹੈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ, ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਬਾਦਲ ਅਕਾਲੀ ਦਲ ਦੀ ਮੈਂਬਰੀ ਤੋਂ ਅਸਤੀਫਾ ਦਿੱਤਾ ਹੈ, ਨੇ ਸੋਮਵਾਰ ਇਹ ਅਸਤੀਫਾ ਦਿੱਤੇ ਜਾਣ ਦਾ ਕਾਰਨ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਫੈਲੇ ਭ੍ਰਿਸ਼ਟਾਚਾਰ ਵੱਲ ਧਿਆਨ ਖਿੱਚਦੇ ਹੋਏ ਕਮੇਟੀ ਦੇ ਪ੍ਰਧਾਨ ਨੂੰ ਪੰਜ ਪੱਤਰ ਲਿਖੇ ਸਨ, ਪਰ ਉਨ੍ਹਾਂ ਦਾ ਉਨ੍ਹਾਂ ਨੂੰ ਇੱਕ ਵੀ ਪੱਤਰ ਨਹੀਂ ਮਿਲਿਆ। ਉਨ੍ਹਾਂ ਪੁੱਛਿਆਂ ਕਿ ਜਦ ਇੱਕ ਅਹੁਦੇਦਾਰ ਦੇ ਪੀ ਏ ਵਿਰੁੱਧ ਗੁਰਦੁਆਰਾ ਪ੍ਰਬੰਧਕ ਕਮੇਟੀ 'ਚੋਂ 13 ਲੱਖ 65 ਹਜ਼ਾਰ ਰੁਪਏ ਕੱਢੇ ਜਾਣ ਦਾ ਕੇਸ ਅਦਾਲਤ 'ਚ ਸੁਣਵਾਈ ਅਧੀਨ ਹੋਵੇ ਤਾਂ ਉਸ ਪੈਸੇ 'ਤੇ ਲਕੀਰ ਕਿਉਂ ਮਾਰੀ ਗਈ? ਇਸੇ ਤਰ੍ਹਾਂ ਉਨ੍ਹ ਨੇ ਕੁਝ ਹੋਰ ਦੋਸ਼ ਲਾ ਕੇ ਦਾਅਵਾ ਕੀਤਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਫੈਲੇ ਭ੍ਰਿਸ਼ਟਾਚਾਰ ਦੇ ਵਿਰੁੱਧ ਉਨ੍ਹਾਂ ਦੀ ਜੰਗ ਜਾਰੀ ਰਹੇਗੀ। ਵਰਣਯੋਗ ਹੈ ਕਿ ਗੁਰਮੀਤ ਸਿੰਘ ਸ਼ੰਟੀ ਨੇ ਮਨਜੀਤ ਸਿੰਘ ਜੀ ਕੇ ਵਿਰੁੱਧ ਭ੍ਰਿਟਾਚਾਰ ਦੇ ਦੋਸ਼ਾਂ ਵਾਲਾ ਮਾਮਲਾ ਅਦਾਲਤ 'ਚ ਲਿਜਾ ਕੇ ਉਨ੍ਹਾਂ ਨੂੰ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਨੂੰ ਮਜ਼ਬੂਰ ਕਰ ਦਿੱਤਾ ਸੀ, ਜਿਸ ਕਾਰਨ ਮਨਜਿੰਦਰ ਸਿੰਘ ਸਿਰਸਾ ਦੇ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਨ ਦਾ ਰਾਹ ਪੱਧਰਾ ਹੋ ਗਿਆ ਸੀ। ਇਸੇ ਕਾਰਨ ਸਿਰਸਾ ਨੇ ਕੋਈ 10 ਮਹੀਨੇ ਪਹਿਲਾਂ ਸ਼ੰਟੀ ਨੂੰ ਸ਼ਾਇਦ ਭਰੋਸਾ ਦਿੱਤਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਦਲ ਅਕਾਲੀ ਦਲ 'ਚ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਸਨਮਾਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਬਾਦਲ ਅਕਾਲੀ ਦਲ 'ਚ ਸ਼ਮੂਲੀਅਤ ਕਰਵਾਈ ਸੀ।

ਓਧਰ ਦਿੱਲੀ ਗੁਰਦੁਆਰਾ ਕਮੇਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ ਸਭ ਤੋਂ ਪਹਿਲਾਂ ਪੀ ਏ ਦੇ ਨਾਂ ਨਿਕਲਦੀ ਵੱਡੀ ਰਕਮ ਉਤੇ ਲਕੀਰ ਮਾਰੇ ਜਾਣ ਦਾ ਮੁੱਖ ਕਾਰਨ ਸ਼ਾਇਦ ਇਹ ਹੈ ਕਿ ਇਹ ਪੀ ਏ ਅਦਾਲਤ 'ਚ ਬਿਆਨ ਦੇ ਸਕਦਾ ਸੀ ਕਿ ਇਹ ਪੈਸਾ ਉਸ ਨੇ ਨਹੀਂ, ਉਸ ਦੇ ਨਾਂ 'ਤੇ ਫਲਾਣੇ ਅਧਿਕਾਰੀ ਨੇ ਆਪਣੇ ਚੋਣ ਪ੍ਰਚਾਰ ਲਈ ਲਈ ਲਿਆ ਸੀ, ਜਿਸ ਕਾਰਨ ਸੰਬੰਧਤ ਅਧਿਕਾਰੀ ਦੀ ਨਾ ਸਿਰਫ ਕਿਰਕਿਰੀ ਹੁੰਦੀ, ਸਗੋਂ ਉਸ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਵੀ ਦੇਣਾ ਪੈਣਾ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਵਿੱਚ ਇੱਕ ਵੱਡੇ ਅਧਿਕਾਰੀ ਨੇ ਇਸ ਲਈ ਸਹਿਯੋਗ ਦਿੱਤਾ ਕਿ ਉਹ ਉਸ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਉਂਦਾ ਰਹਿ ਸਕੇ। ਇਸ ਸੱਚਾਈ ਤੋਂ ਪਰਦਾ ਵੱਡੇ ਅਧਿਕਾਰੀ ਹੀ ਉਠਾ ਸਕਦਾ ਹਨ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਮਿੰਨੀ ਕਹਾਣੀ ਗੁੱਡੀ ਤੇ ਗੀਟੇ

-ਬਲਰਾਜ ਸਰਾਂ

ਰੋਜ਼ ਵਾਂਗ ਅੱਜ ਫਿਰ ਗੁੱਡੀ ਸਾਰੀ ਛੁੱਟੀ ਤੋਂ ਪਹਿਲਾਂ ਆਪਣੇ ਗੀਟੇ, ਆਪਣੀ ਮਰ ਚੁੱਕੀ ਮਾਂ ਦੀ ਫੋਟੋ, ਚੂੜੀਆਂ, ਸੁਰਖੀ, ਬਿੰਦੀ ਆਦਿ ਇੱਕ ਲਿਫਾਫੇ ਵਿੱਚ ਚੰਗੀ ਤਰ੍ਹਾਂ ਲਪੇਟ ਕੇ ਇੱਟਾਂ ਦੇ ਢੇਰ ਵਿੱਚ ਲੁਕੋ ਕੇ ਨਾ ਚਾਹੁੰਦਿਆਂ ਵੀ ਦੂਜੀ ਦੁਨੀਆ (ਘਰ) ਜਾਣ ਲਈ ਤਿਆਰ ਸੀ। ਗੁੱਡੀ, ਜਿਸ ਦਾ ਮਾਂ ਨੇ ਨਾਂਅ ਭਾਵੇਂ ਚਾਅ ਨਾਲ ਮਨਪ੍ਰੀਤ ਰੱਖਿਆ ਸੀ, ਪਰ ਘਰ-ਬਾਹਰ ਸਾਰੇ ਉਸ ਨੂੰ ਮਾੜੀ ਕਹਿ ਕੇ ਪੁਕਾਰਦੇ ਸਨ। ਉਪਰੋਂ ਕਿਸਮਤ ਦੀ ਵੀ ਅਜਿਹੀ ਮਾੜੀ ਨਿਕਲੀ ਕਿ ਬਚਪਨ 'ਚ ਮਾਂ ਦੀ ਮੌਤ ਤੋਂ ਬਾਅਦ ਮਤਰੇਈ ਮਾਂ ਦੇ ਜ਼ੁਲਮ, ਪਿਤਾ ਦੀ ਅਣਦੇਖੀ ਅਤੇ ਨਸ਼ੇ ਅਤੇ ਅਤਿ ਦੀ ਗਰੀਬੀ ਨੇ ਉਸ ਨੂੰ ਅਜਿਹਾ ਕਠੋਰ ਬਣਾ ਦਿੱਤਾ ਕਿ ਉਹਦਾ ਕਿਸੇ ਨਾਲ ਜ਼ਿਆਦਾ ਮੇਲ-ਜੋਲ ਨਹੀਂ ਸੀ। ਸਕੂਲ ਵੀ ਉਹਦੇ ਲਈ ਸਿਰਫ ਰੱਜ ਕੇ ਖਾਣ ਅਤੇ ਗੀਟਿਆਂ ਨਾਲ ਖੇਡਣ ਜਾਂ ਮਾਂ ਦੀਆਂ ਯਾਦਾਂ ਨਿਹਾਰਨ ਦੀ ਥਾਂ ਸੀ ਕਿਉਂਕਿ ਘਰੇ ਉਹਨੂੰ ਇਹ ਸਭ ਨਸੀਬ ਨਹੀਂ ਸੀ ਹੁੰਦਾ। ਭਾਵੇਂ ਅਧਿਆਪਕਾਂ ਨੇ ਪਿਆਰ ਦੁਲਾਰ ਦਿੰਦਿਆਂ ਹੀਣ ਭਾਵਨਾ ਤੋਂ ਬਚਾਉਣ ਲਈ ਉਹਦਾ ਨਾਂਅ ਮਾੜੀ ਤੋਂ ਗੁੱਡੀ ਰੱਖਿਆ, ਪਰ ਉਹਨੂੰ ਪ੍ਰਵਾਹ ਨਹੀਂ ਸੀ ਕਿ ਉਹਨੂੰ ਕੋਈ ਬੁਲਾਵੇ ਵੀ ਜਾਂ ਕਿਹੜੇ ਨਾਂਅ ਨਾਲ ਬੁਲਾਵੇ।

ਗੁੱਡੀ ਦਾ ਤਾਂ ਆਪਣਾ ਹੀ ਸੰਸਾਰ ਸੀ। ਪੜ੍ਹਾਈ ਵਿੱਚ ਉਹਦਾ ਮਨ ਨਹੀਂ ਸੀ ਲੱਗਦਾ, ਪਰ ਅਧਿਆਪਕਾਂ ਦੀਆਂ ਗ੍ਰਹਿਆਂ, ਸੂਰਜ, ਚੰਨ, ਤਾਰਿਆਂ ਦੀਆਂ ਗੱਲਾਂ ਸੁਣਨੀਆਂ ਬਹੁਤ ਵਧੀਆਂ ਲੱਗਦੀਆਂ। ਉਹਨੂੰ ਲੱਗਦਾ ਜਿਵੇਂ ਅਧਿਆਪਕ ਮੋਈ ਮਾਂ ਦੇ ਅਲੌਕਿਕ ਦੇਸ਼ ਦੀਆਂ ਕਹਾਣੀਆਂ ਸੁਣਾ ਰਹੇ ਹੋਣ। ਜਮਾਤ ਵਿੱਚ ਕਿਸੇ ਬੱਚੇ ਨਾਲ ਬੈਠਣਾ ਜਾਂ ਹੱਸਣਾ-ਖੇਡਣਾ ਗੁੱਡੀ ਨੂੰ ਉਕਾ ਹੀ ਚੰਗਾ ਨਾ ਲੱਗਦਾ। ਉਹ ਤਾਂ ਆਖਰੀ ਬੈਂਚ 'ਤੇ ਬੈਠ ਆਪਣੀ ਦੁਨੀਆਂ ਦਾ ਸਦਾ ਆਨੰਦ ਮਾਨਣਾ ਲੋਚਦੀ ਰਹਿੰਦੀ ਕਿ ਕਦੋਂ ਅੱਧੀ ਛੁੱਟੀ ਹੋਵੇ ਜਾਂ ਜਮਾਤ ਖਾਲੀ ਹੋਵੇ ਅਤੇ ਉਹ ਗੀਟੇ ਖੇਡਦੀ-ਖੇਡਦੀ ਮਾਂ ਕੋਲ ਪਹੁੰਚ ਜਾਵੇ। ਉਹੀ ਗੀਟੇ, ਜਿਹੜੇ ਉਹਦੀ ਮਾਂ ਮਰਨ ਤੋਂ ਪਹਿਲਾਂ ਗੁੱਡੀ ਨਾਲ ਖੇਡਦੀ ਹੁੰਦੀ ਸੀ।

ਗੁੱਡੀ ਸਵੇਰੇ ਸਕੂਲ ਆ ਕੇ ਦੱਬੇ ਪੈਰੀਂ ਆਪਣੀ ਜਮਾਤ ਦੇ ਪਿਛਲੇ ਪਾਸੇ ਇੱਟਾਂ ਦੇ ਢੇਰ 'ਚ ਲੁਕਾਏ ਆਪਣੇ ਗੁਪਤ ਖਜ਼ਾਨੇ ਨੂੰ ਕੱਢ ਬਸਤੇ 'ਚ ਪਾ ਕੇ ਸਾਰਾ ਦਿਨ ਰੱਜ ਕੇ ਸਾਥ ਮਾਣਦੀ, ਖੇਡਦੀ ਅਤੇ ਸਾਰੀ ਛੁੱਟੀ ਤੋਂ ਪਹਿਲਾਂ ਫਿਰ ਲੁਕੋ ਆਉਂਦੀ। ਗੀਟਿਆਂ ਨਾਲ ਖੇਡਦੀ ਦਾ ਉਹਦਾ ਜਲੌਅ ਵੇਖਣ ਵਾਲਾ ਹੁੰਦਾ।

ਇੱਕ ਦਿਨ ਛੁੱਟੀ ਤੋਂ ਬਾਅਦ ਮਜ਼ਦੂਰਾਂ ਨੇ ਚਾਰਦੀਵਾਰੀ ਦੀ ਉਸਾਰੀ ਲਈ ਇੱਟਾਂ ਦਾ ਢੇਰ ਚੁੱਕਣਾ ਸ਼ੁਰੂ ਕੀਤਾ ਤਾਂ ਗੁੱਡੀ ਦਾ ਖਜ਼ਾਨਾ ਪਰ੍ਹਾਂ ਸੁੱਟ ਦਿੱਤਾ ਜੋ ਨਵੀਂ ਪਾਈ ਜਾ ਰਹੀ ਮਿੱਟੀ ਹੇਠ ਆ ਗਿਆ। ਅਗਲੇ ਦਿਨ ਜਦੋਂ ਗੁੱਡੀ ਨੇ ਆਪਣਾ ਸੰਸਾਰ ਫਿਰ ਉਜੜਦਿਆਂ ਵੇਖਿਆ ਤਾਂ ਸਵੇਰ ਦੀ ਸਭਾ ਦੀ ਪ੍ਰਵਾਹ ਛੱਡ ਵਾਹੋਦਾਹੀ ਭੱਜ ਕੇ ਆਪਣੇ ਜਿਊਣ ਦਾ ਸਾਮਾਨ ਲੱਭਣ ਲੱਗੀ। ਹੱਥਾਂ ਨਾਲ ਹੀ ਗੁੱਡੀ ਨੇ ਮਿੱਟੀ ਨੂੰ ਪੁੱਟਣਾ ਸ਼ੁਰੂ ਕੀਤਾ, ਪਰ ਉਹਨੂੰ ਕਿਤੋਂ ਵੀ ਕੁਝ ਨਾ ਲੱਭਾ। ਮਾਂ ਦੀਆਂ ਨਿਸ਼ਾਨੀਆਂ ਤੇ ਗੀਟੇ ਮਿਲਣ ਦੀ ਆਸ ਛੱਡ ਵਿਲਕਦੀ ਹੋਈ ਗੁੱਡੀ ਉਥੇ ਹੀ ਬੈਠ ਗਈ ਉੱਚੀ-ਉੱਚੀ ਰੋਣ ਲੱਗੀ। ਉਹਨੂੰ ਲੱਗਿਆਂ ਜਿਵੇਂ ਮਾਂ ਅੱਜ ਦੁਬਾਰਾ ਮਰ ਗਈ ਹੋਵੇ।

